23rd Feb, 2001

ਵੰਨ-ਸੁਵੰਨ

# ਸਮਾਜ ਨੂੰ ਸੰਵੇਦਨਾ ਦੀ ਲੋੜ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਪੰਜਾਬ 'ਚ ਸਾਹਿਤ ਤੇ ਕਲਾ ਦੀ ਗੱਲ ਜਦੋਂ ਛਿੜਦੀ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਦੂਜਿਆਂ ਸੂਬਿਆਂ ਦੇ ਮੁਕਾਬਲੇ ਇੱਥੇ ਸੂਖਮ ਕਲਾਵਾਂ ਦੀ ਕਦਰਦਾਨੀ ਬਹੁਤ ਘੱਟ ਹੈ। ਸੰਵੇਦਨਸ਼ੀਲਤਾ ਦੇ ਪੱਖੋਂ ਅਸੀਂ ਬਹੁਤ ਪਿੱਛੇ ਹਾਂ। ਅੱਖੜ ਕਿਸਮ ਦਾ ਸਭਿਆਚਾਰ ਸਾਡੀ ਪਛਾਣ ਹੈ। ਪਰ ਇਸ ਦੇ ਨਾਲ ਹੀ ਕਲਾ ਨਾਲ ਜੁੜੇ ਵਿਸ਼ੇਸ਼ੱਗਾਂ ਦੀ ਇਹ ਰਾਇ ਵੀ ਹੈ ਕਿ ਪੰਜਾਬ ਦੇ ਪਿੰਡਾਂ 'ਚ ਜਿਸ ਗਿਣਤੀ 'ਚ ਨਾਟਕ ਸਰਗਰਮੀਆਂ ਹਨ, ਉਹ ਹੋਰ ਸੂਬਿਆਂ 'ਚ ਨਹੀਂ ਹਨ। ਪੰਜਾਬ ਦੇ ਪੇਂਡੂ ਖੇਤਰ 'ਚ ਹੁਣ ਬਹੁਤ ਸਾਰੇ ਨਾਟਕ ਗਰੁੱਪ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਉਹ ਆਧੁਨਿਕ ਸੰਵੇਦਨਾ ਦਾ ਪੇਂਡੂ ਨਾਟਕ ਕਰਦੇ ਹਨ। ਇਹ ਨਾਟਕ ਵਿਸ਼ੇ ਦੇ ਲਿਹਾਜ਼ ਨਾਲ ਪ੍ਰੰਪਰਾਵਾਦੀ ਲੋਕ ਗਾਥਾਵਾਂ ਤਕ ਮਹਿਦੂਦ ਨਹੀਂ ਹਨ ਸਗੋਂ ਅੱਜ ਦੇ ਮਸਲੇ ਜਿਨ੍ਹਾਂ ਵਿਚ ਰਾਜਨੀਤਕ ਅਤੇ ਸਮਾਜਿਕ ਮਸਲੇ ਸ਼ਾਮਿਲ ਹਨ, ਉਨ੍ਹਾਂ ਨੂੰ ਆਪਣੀ ਲਪੇਟ ਵਿਚ ਲੈਂਦੇ ਹਨ।

ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਮਸਲੇ, ਕਿਸਾਨਾਂ ਦੇ ਮਸਲੇ, ਔਰਤਾਂ ਦੇ ਮਸਲੇ, ਆਦਿ ਇਨ੍ਹਾਂ ਨਾਟਕਾਂ ਦੇ ਵਿਸ਼ੇ ਬਣਦੇ ਹਨ। ਸੰਵੇਦਨਸ਼ੀਲਤਾ ਦੇ ਪ੍ਰਸੰਗ ਵਿਚ ਇਸ ਨਾਟਕ ਲਹਿਰ ਦੀਆਂ ਆਪਣੀਆਂ ਪ੍ਰਾਪਤੀਆਂ ਹਨ। ਇਸ ਲਹਿਰ ਬਾਰੇ ਇਹ ਵੀ ਸਚਾਈ ਹੈ ਕਿ ਖੱਬੀ ਧਿਰ ਨਾਲ ਜੁੜੀਆਂ ਅਵਾਮੀ ਜਥੇਬੰਦੀਆਂ ਇਸ ਲਹਿਰ ਦਾ ਥੰਮ ਹਨ। ਲੋਕਲ ਪੱਧਰ 'ਤੇ ਨਾਟਕਾਂ ਦਾ ਪ੍ਰਬੰਧ ਅਤੇ ਪ੍ਰਚਾਰ ਇਹੀ ਜਥੇਬੰਦੀਆਂ ਕਰਦੀਆਂ ਹਨ। ਸੀਮਤ ਖਰਚਿਆਂ 'ਚ ਇਹ ਨਾਟਕ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਘੱਟ ਤੋਂ ਘੱਟ ਖਰਚੇ 'ਚ ਵੱਧ ਤੋਂ ਵੱਧ ਲੋਕਾਂ ਤਕ ਪੁੱਜਿਆ ਜਾ ਸਕੇ। ਅਵਾਮੀ ਥੀਏਟਰ ਦੀ ਸ਼ੈਲੀ ਇਨ੍ਹਾਂ ਪੇਂਡੂ ਨਾਟਕਾਂ 'ਚ ਅਪਣਾਈ ਜਾਂਦੀ ਹੈ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਕਾਦਮਿਕ ਆਲੋਚਨਾ ਨੇ ਇਸ ਲਹਿਰ ਨੂੰ ਉਹ ਥਾਂ ਨਹੀਂ ਦਿੱਤੀ ਜਿਸਦੀ ਉਹ ਹੱਕਦਾਰ ਹੈ। ਜਨਚੇਤਨਾ ਜਾਂ ਸੰਵੇਦਨਾ ਦੇ ਵਿਕਾਸ ਲਈ ਇਹ ਨਾਟਕ ਲਹਿਰ ਜਿਹੜੀ ਇਤਿਹਾਸਕ ਭੂਮਿਕਾ ਨਿਭਾ ਰਹੀ ਹੈ, ਉਹਨੂੰ ਬਹੁਤੀ ਵਾਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਹਦਾ ਕਾਰਨ ਹੈ ਕਿ ਇਹ ਸਰਗਰਮੀ ਅਵਾਮੀ ਜਥੇਬੰਦੀਆਂ ਦੇ ਥੜ੍ਹੇ ਤੋਂ ਕੀਤੀ ਜਾਂਦੀ ਹੈ। ਇਨ੍ਹਾਂ ਨਾਟਕਾਂ ਦਾ ਸੁਨੇਹਾ ਹੈ: ''ਇਹ ਸਮਾਜ ਪੂਰੀ ਤਰ੍ਹਾਂ, ਪੈਸੇ ਵਾਲਿਆਂ ਦੀ ਜੱਕੜ ਵਿਚ ਹੈ। ਇੱਥੇ ਪੈਸੇ ਦੀ ਸਰਦਾਰੀ ਹੈ। ਇਹਦਾ ਮੁੱਖ ਖਾਸਾ ਗ਼ਰੀਬ ਦੁਸ਼ਮਣ ਹੈ। ਸਮਾਜ 'ਚ ਬਰਾਬਰੀ ਅੱਜ ਵਿਸ਼ਵ ਚੇਤਨਾ ਦਾ ਮੁੱਖ ਅੰਸ਼ ਹੈ। ਬਰਾਬਰੀ ਤੋਂ ਮਤਲਬ ਹੈ ਕਿ ਹਰ ਮਨੁੱਖ ਜੋ ਇਸ ਦੇਸ਼ 'ਚ ਪੈਦਾ ਹੋਇਆ ਹੈ, ਉਹਨੂੰ ਅੱਗੇ ਵਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣ। ਹਿੰਦੋਸਤਾਨ ਦਾ ਸਮਾਜ ਪੂਰੀ ਤਰ੍ਹਾਂ, ਨਾਬਰਾਬਰੀ ਦਾ ਸਮਾਜ ਹੈ। ਇਸ ਨੂੰ ਬਦਲਣਾ ਜ਼ਰੂਰੀ ਹੈ ਅਤੇ ਇਹ ਕਰਨ

ਭੁਲਾ ਦਿੱਤੀ ਜਾਂਦੀ ਹੈ ਕਿ ਇਹ ਵੋਟ ਦਾ ਹੱਕ ਪੂਰੀ ਤਰ੍ਹਾਂ ਪੈਸੇ ਦੀ ਜਕੜ ਵਾਲੇ ਸਮਾਜ 'ਚ ਜ਼ੀਰੋ ਮਹੱਤਤਾ ਰੱਖਦਾ ਹੈ। ਚੋਣਾਂ ਪੂਰੀ ਤਰ੍ਹਾਂ ਪੈਸੇ ਵਾਲਿਆਂ ਦੀ ਖੇਡ ਹੈ।''

ਅਕਾਦਮਿਕ ਆਲੋਚਕ ਸੌਖੇ ਹੀ ਇਸ ਸੁਨੇਹੇ ਨੂੰ ਪ੍ਰਚਾਰ ਕਹਿ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਉਹ ਇਸ ਹਕੀਕਤ ਨੂੰ ਮੰਨਣ ਤੋਂ ਇਨਕਾਰੀ ਹਨ ਕਿ ਇਹੀ ਸੁਨੇਹੇ ਜਨਚੇਤਨਾ ਦਾ ਜ਼ਰੂਰੀ ਭਾਗ ਹਨ ਅਤੇ ਸੰਵੇਦਨਸ਼ੀਲਤਾ ਦਾ ਸਾਰਾ ਦਾਰੋਮਦਾਰ ਇਸ ਜਨ ਚੇਤਨਾ 'ਤੇ ਨਿਰਭਰ ਹੈ।

ਸਮਾਜ ਦੀ ਸਮੁੱਚੀ ਸੰਵੇਦਨਸ਼ੀਲਤਾ ਵਿਚ ਸਾਹਿਤ ਦੀ ਇਕ ਬੜੀ ਜ਼ਰੂਰੀ ਭੂਮਿਕਾ ਹੈ। ਇਹ ਹਕੀਕਤ ਹੈ ਕਿ ਪਿਛਲੇ 30-40 ਸਾਲਾਂ ਤੋਂ ਸਾਹਿਤਕ ਲਹਿਰ ਨੇ ਆਧੁਨਿਕਤਾ ਦੇ ਨਾਂ ਥੱਲੇ ਆਪਣੇ ਆਪ ਨੂੰ ਸਾਧਾਰਨ ਲੋਕਾਂ ਤੋਂ ਨਿਖੇੜਿਆ ਹੈ। ਸਾਹਿਤ ਸਭਾਵਾਂ ਦੀ ਸਾਰੀ ਸਰਗਰਮੀ ਕੁਝ ਗਿਣੇ ਮਿੱਥੇ ਲੋਕਾਂ ਤਕ ਮਹਿਦੂਦ ਹੋ ਕੇ ਰਹਿ ਗਈ ਹੈ। ਪਿੰਡ ਦੇ ਸਕੂਲ 'ਚ ਸਾਹਿਤਕ ਗੋਸ਼ਟੀ ਹੋ ਰਹੀ ਹੈ। ਆਸਪਾਸ ਦੇ ਇਲਾਕੇ ਦੇ ਸਾਹਿਤਕਾਰ ਉਥੇ ਮੌਜੂਦ ਹਨ ਪਰ ਪਿੰਡ ਦੇ ਆਮ ਲੋਕ ਗਾਇਬ ਹਨ। ਭਾਵੇਂ ਸ਼ਾਮ ਦੇ ਨਾਟਕ ਸਮਾਗਮ 'ਚ ਉਨ੍ਹਾਂ ਦੀਆਂ ਔਰਤਾਂ ਸਮੇਤ ਵੱਡੀ ਹਾਜ਼ਰੀ ਹੁੰਦੀ ਹੈ। ਸੰਵੇਦਨਸ਼ੀਲਤਾ ਦੇ ਪ੍ਰਸੰਗ 'ਚ ਇਸ ਹਕੀਕਤ ਦਾ ਨੋਟਿਸ ਲੈਣਾ ਜ਼ਰੂਰੀ ਹੈ।

ਉਂਝ ਇਹ ਖ਼ੁਸ਼ੀ ਦੀ ਗੱਲ ਹੈ ਕਿ ਸਾਹਿਤਕ ਖੇਤਰ ਵਿਚ ਇਸ ਗੱਲ ਦਾ ਅਹਿਸਾਸ ਹੋ ਰਿਹਾ ਹੈ ਕਿ ਲੋਕਾਂ ਤਕ ਪੁੱਜਣ ਦੇ ਰਾਹ ਲਭੇ ਜਾਣ। 14 ਫਰਵਰੀ ਪੰਜਾਬੀ ਟ੍ਰਿਬਿਊਨ 'ਚ ਸਾਹਿਤ ਚਰਚਾ ਕਾਲਮ ਵਿਚ 'ਪਾਤਰ ਦਾ ਰੂਬਰੂ' ਇਸ ਦਾ ਪ੍ਰਮਾਣ ਹੈ। ਪਾਤਰ ਦਾ ਰੂਬਰੂ, ਭਗਤਾ ਭਾਈ ਕਾ। ਪਾਤਰ ਨੇ ਕਿਹਾ: ''ਕਵੀ ਬਿਰਖਾਂ ਵਾਂਗ ਦੁਨੀਆਂ ਦੇ ਦੁੱਖ ਆਪਣੇ ਅਨੁਭਵ 'ਚ ਹੰਢਾ ਕੇ ਆਪਣੇ ਸ਼ਬਦਾਂ ਰਾਹੀਂ ਲੋਕਾਂ ਨੂੰ ਸੁਖ ਦੇਣ ਦੀ ਕੋਸ਼ਿਸ਼ ਕਰਦਾ ਹੈ। ਮੇਰੀ ਕਵਿਤਾ ਕੋਈ ਗਾ ਰਿਹਾ ਹੋਵੇ ਤਾਂ ਮੈਨੂੰ ਸਭ ਤੋਂ ਵੱਡਾ ਇਨਾਮ ਲਗਦੈ।'' ਇਹ ਸ਼ਬਦ ਸ਼ਾਇਰ ਸੁਰਜੀਤ ਪਾਤਰ ਨੇ ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਕਾਲਜ ਸੁਖਾਨੰਦ ਦੀ ਸਾਹਿਤ ਸਭਾ ਵਲੋਂ ਕਰਵਾਏ ਰੂ-ਬ-ਰੂ ਪ੍ਰੋਗਰਾਮ ਦੌਰਾਨ ਕਹੇ। ਲਗਪਗ 1250 ਲੜਕੀਆਂ, ਕੁਝ ਚੁਣਵੇਂ ਸਰੋਤਿਆਂ, ਸਾਹਿਤਕਾਰਾਂ ਨੂੰ ਸੰਬੋਧਨ ਕਰਦਿਆਂ ਸੁਰਜੀਤ ਪਾਤਰ ਨੇ ਕਿਹਾ ਕਿ ਸ਼ਾਇਰ ਨੇ ਗ਼ਮਗ੍ਰਹਿਣ ਕਰਕੇ ਹਾਸੇ ਵੰਡਣੇ ਹੁੰਦੇ ਹਨ ਅਤੇ

ਭਾਵੇਂ ਛੰਦ ਮੁਕਤ ਹੋਵੇ, ਭਾਵੇਂ ਛੰਦ ਰਹਿਤ, ਉਸ ਵਿਚ ਲੈਅ ਤੇ ਰਿਦਮ ਦੇ ਨਾਲ ਨਾਲ ਜਜ਼ਬਾਤ ਦੀ ਸ਼ਿੱਦਤ ਜ਼ਰੂਰੀ ਹੈ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਦੋਸਤੀ ਸਭ ਤੋਂ ਖ਼ੂਬਸੂਰਤ ਰਿਸ਼ਤਾ ਹੈ। ਕਵੀ ਇਕ ਸੰਘਣੇ ਬਿਰਖ ਵਾਂਗ ਹੋਣਾ ਚਾਹੀਦਾ ਹੈ ਜੋ ਤਪਦੇ ਲੋਕਾਂ 'ਤੇ ਠੰਡੀ ਛਾਂ ਕਰੇ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਸ੍ਰੀਮਤੀ ਭੁਪਿੰਦਰ ਕੌਰ ਵੀ ਸਨ, ਜਿਨ੍ਹਾਂ ਨੇ ਪਾਤਰ ਦਾ ਗੀਤ 'ਜਿੰਦੇ ਨੀਂ ਅਸੀਂ ਅੱਜ ਤੇਰੇ ਮਹਿਮਾਨ' ਗਾ ਕੇ ਸੁਣਾਇਆ। ਸਾਹਿਤ ਸਭਾ ਦੀ ਪ੍ਰਧਾਨ ਮੈਡਮ ਮਨਦੀਪ ਕੌਰ ਨੇ ਪਾਤਰ ਦੀ ਸਮੁੱਚੀ ਰਚਨਾ ਦਾ ਵੇਰਵਾ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਅਤੇ ਪਾਤਰ ਦੀ ਗ਼ਜ਼ਲ 'ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ, ਪਰ ਕੋਈ ਚਾਅ ਵੀ ਤਾਂ ਦੇਹ ਨੱਚਣ ਲਈ' ਦੀ ਪੇਸ਼ਕਾਰੀ ਬਹੁਤ ਸੁਰੀਲੀ ਆਵਾਜ਼ 'ਚ ਕੀਤੀ। ਲੜਕੀ ਭੁਪਿੰਦਰ ਕੌਰ ਨੇ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ' ਅਤੇ ਮਿਸ ਰਮਨਦੀਪ ਨੇ 'ਨਾ ਸੂਰਜ ਦਾ ਪੰਛੀ, ਨਾ ਕਿਰਨਾਂ ਦਾ ਚੰਬਾ, ਕੋਈ ਐਨਾ ਸੁੰਨਾ ਬਨੇਰਾ ਨਾ ਹੋਵੇ' ਬਹੁਤ ਪਿਆਰੀ ਆਵਾਜ਼ 'ਚ ਸੁਣਾਇਆ। ਕਾਲਜ ਦੇ ਪ੍ਰਿੰਸੀਪਲ ਅਤੇ ਉੱਘੇ ਆਲੋਚਕ ਡਾ. ਅੱਛਰ ਸਿੰਘ ਕਾਹਲੋਂ ਨੇ ਕਿਹਾ, 'ਤਪਦੇ ਲੋਕਾਂ ਦੇ ਸਿਰਾਂ 'ਤੇ ਕਰੇ ਛਾਵਾਂ, ਬਿਰਖ ਹਾਂ ਇਹੀ ਗਿਆਨ ਦਿੰਦੇ ਹਾਂ।' ਉਨ੍ਹਾਂ ਕਿਹਾ ਕਿ ਇਸ ਕਾਲਜ 'ਚ ਸਾਹਿਤਕ ਸਰਗਰਮੀਆਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰੱਖਿਆ ਜਾਵੇਗਾ।

ਇਹ ਰੂ-ਬ-ਰੂ ਦੀ ਸਾਰੀ ਖਬਰ ਵਿਸਥਾਰ ਨਾਲ ਇੱਥੇ ਤਾਂ ਹੀ ਦਿੱਤੀ ਗਈ ਹੈ ਕਿ ਇਹ ਇਕ ਐਸੀ ਸਾਹਿਤਕ ਸਰਗਰਮੀ ਹੈ, ਜਿਹੜੀ ਸਿੱਧੀ 1200 ਵਿਦਿਆਰਥਣਾਂ ਨੂੰ ਸਾਹਿਤ ਨਾਲ ਜੋੜਦੀ ਹੈ ਤੇ ਸੰਵੇਦਨਾ ਦਾ ਵਿਕਾਸ ਕਰਦੀ ਹੈ। ਪਿੱਛੇ ਜਿਹੇ ਨਾਭਾ 'ਚ ਇਕ ਵੱਡਾ ਕਵਿਤਾ ਸਮਾਗਮ ਹੋਇਆ। ਹੁਣ 3-4 ਮਾਰਚ ਮਲੇਰਕੋਟਲਾ ਹੋਣ ਜਾ ਰਿਹਾ ਹੈ। ਦੋਨੋਂ ਥਾਂਵਾਂ ਵੱਡੀ ਗਿਣਤੀ 'ਚ ਕਵੀ ਸ਼ਾਮਲ ਹੋਏ ਜਾਂ ਹੋਣ ਜਾ ਰਹੇ ਹਨ। ਉਥੇ ਇਹ ਗੱਲ ਵੇਖਣੀ ਜ਼ਰੂਰੀ ਹੈ ਕਿ ਸਾਧਾਰਨ ਲੋਕ ਕਿੰਨੇ ਸ਼ਾਮਲ ਹੁੰਦੇ ਹਨ, ਪਾਤਰ ਹੋਵੇ ਜਗਤਾਰ ਹੋਵੇ, ਦਰਸ਼ਨ ਬੁੱਟਰ ਹੋਵੇ, ਮੋਹਨਜੀਤ ਹੋਵੇ, ਪ੍ਰਮਿੰਦਰਜੀਤ ਹੋਵੇ, ਅਮਰਜੀਤ ਕੌਂਕੇ ਹੋਵੇ, ਸੁਰਜੀਤ ਜੱਜ ਹੋਵੇ, ਸੁਖਵਿੰਦਰ ਰਾਮਪੁਰੀ ਹੋਵੇ, ਹੋਰ ਸਾਰੇ ਹੀ ਹੋਣ ਪਰ

ਸਾਹਿਤ ਦੇ ਆਲੋਚਕਾਂ ਦਾ ਇਹ ਫਿਕਰ ਵੀ ਜਾਇਜ਼ ਹੈ ਕਿ ਪੰਜਾਬੀ ਸਾਹਿਤ ਨੂੰ ਵਿਸ਼ਵ ਸਾਹਿਤ 'ਚ ਚਲ ਰਹੀਆਂ ਧਾਰਨਾਵਾਂ ਦੇ ਮੁਕਾਬਲੇ 'ਚ ਖੜ੍ਹਾ ਕੀਤਾ ਜਾਏ, ਪਰ ਨਾਲ ਇਹ ਵੀ ਜ਼ਰੂਰਤ ਹੈ ਕਿ ਸਾਹਿਤ ਨੂੰ ਲੋਕਾਂ ਨਾਲ ਜੁੜਦਾ ਰੱਖਿਆ ਜਾਏ। ਕੋਈ ਦਰਮਿਆਨਾ ਰਾਹ ਜੇ ਲਾਹੇਵੰਦ ਨਹੀਂ ਤਾਂ ਸਾਹਿਤ ਨੂੰ ਹਾਲ ਦੀ ਘੜੀ ਵਰਗਾਂ ਵਿਚ ਵੰਡ ਲਿਆ ਜਾਵੇ। ਕੁਝ ਉਤਲੇ ਲੋਕਾਂ ਲਈ ਕੁਝ ਸਾਧਾਰਨ ਲੋਕਾਂ ਲਈ। ਦੇਵ ਦੀ ਕਵਿਤਾ, ਸਵਰਾਜਬੀਰ ਦਾ ਨਾਟਕ, ਮਨਮੋਹਣ ਬਾਵਾ ਦੀ ਕਹਾਣੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ ਹਨ। ਜਿਨ੍ਹਾਂ ਦਾ ਵਿਸ਼ਵ ਸਾਹਿਤ ਆਲੋਚਨਾ ਦੇ ਪ੍ਰਸੰਗ ਵਿਚ ਨੋਟਿਸ ਲਿਆ ਜਾਣਾ ਹੈ ਤਾਂ ਇਸ ਗੱਲ ਦਾ ਖਿਆਲ ਰੱਖਣਾ ਵੀ ਜ਼ਰੂਰੀ ਹੈ ਕਿ ਜਨਸਮੂਹ ਦੀ ਸੰਵੇਦਨਸ਼ੀਲਤਾ ਦਾ ਵਿਕਾਸ ਵੀ ਆਪਣੇ ਆਪ ਵਿਚ ਇਕ ਉਦੇਸ਼ ਹੈ, ਜਿਸ ਦੇ ਰੂ-ਬ-ਰੂ ਸਾਹਿਤ ਨੇ ਹੋਣਾ ਹੈ। ਚੰਗੇ ਸਮਾਜ ਲਈ ਇਹ ਫਿਕਰ ਪੂਰੀ ਮਹੱਤਤਾ ਰੱਖਦਾ ਹੈ। ਸਿਰਜਣਾ 119 (ਜਨਵਰੀ-ਮਾਰਚ 2001) 'ਚ ਮਦਨਵੀਰਾ ਦੀ ਇਕ ਕਵਿਤਾ 'ਸਬੂਤ' ਹੈ। ਇਹ ਕਵਿਤਾ ਮੇਰੇ ਇਕ ਕਲਾਕਾਰ ਨੇ ਇਕ ਨਾਟਕ ਸਮਾਗਮ 'ਚ ਬੋਲੀ। ਉਹਨੂੰ ਨਾਟਕ ਵਾਂਗ ਹੀ ਹੁੰਗਾਰਾ ਮਿਲਿਆ। ਸੰਵੇਦਨਾ ਦੇ ਵਿਕਾਸ ਦੀ ਇਹ ਮਿਸਾਲ ਹੈ।

*ਸਬੂਤ*

*ਹੱਕ ਨਿਆਂ ਤੋਂ ਸੱਖਣੀਆਂ ਹਿੱਕਾਂ 'ਚ*
*ਸਿਰਫ ਹਉਕੇ ਹੀ ਨਹੀਂ, ਰੋਸ ਵੀ ਹੁੰਦਾ ਹੈ*
*ਇਨ੍ਹਾਂ ਹਿੱਕਾਂ ਦੇ ਧੁਰ ਅੰਦਰ*
*ਰੋਹ ਦੀ ਰਿਸ਼ਮ ਵੀ ਜਾਗਦੀ ਹੈ।*
*ਜੋ ਸੁਲਘਦੀ ਰਹਿੰਦੀ,*
*ਮਚਦੀ ਰਹਿੰਦੀ ਹੈ ਅੰਦਰੋ ਅੰਦਰ*
*ਕਿਸੇ ਜਵਾਲਾ ਮੁਖੀ ਵਾਂਗ*
*ਫਟਣ ਦੀ ਉਡੀਕ 'ਚ*

*ਹੱਕ ਨਿਆਂ ਤੋਂ ਵਿਰਵੀਆਂ ਜਿੰਦਾਂ*
*ਕਮਾਨ ਵਾਂਗ ਦੋਹਰੀਆਂ ਹੀ ਨਹੀਂ ਹੁੰਦੀਆਂ*
*ਨਾ ਜੀ ਹਜ਼ੂਰੀ 'ਚ ਲਿਫ ਲਿਫ ਕੇ,*
*ਸਾਹ ਲੈਂਦੀਆਂ ਨੇ*
*ਉਹ ਵਕਤ ਆਉਣ 'ਤੇ,*
*ਤਣਦੀਆਂ ਨੇ ਤੀਰ ਵਾਂਗ...*
*ਹੱਕ ਨਿਆਂ ਤੋਂ ਨਕਾਰੇ ਹੋਏ ਲੋਕ*
*ਸਦਾ ਸਿਰ ਝੁਕਾ ਕੇ ਭਾਣੇ ਨੂੰ*
*ਮਿੱਠਾ ਕਰਕੇ ਨਹੀਂ ਮੰਨਦੇ*
*ਉਹ ਖੁਦ ਲਿਖਦੇ ਨੇ ਆਪਣੀ ਹੋਣੀ*
*ਖੁਦ ਘੜਦੇ ਨੇ ਆਪਣੀ ਤਕਦੀਰ*
*ਕਿਰਤ ਦੇ ਸੰਦਾਂ ਨਾਲ...*
*ਆਪਣੇ ਲਹੂ ਨਾਲ, ਮੁੜ੍ਹਕੇ ਨਾਲ*
*ਮਿੱਟੀ ਦੇ ਇਸ਼ਕ 'ਚ ਡੁੱਬ ਕੇ*
*ਮੋਹ ਅਤੇ ਮੁਹੱਬਤ ਨਾਲ*
*ਆਪਣੇ ਜਿਉਂਦੇ ਹੋਣ ਦਾ ਸਬੂਤ ਦਿੰਦੇ ਹਨ।*